73/C

ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕਾਲਜ ਸੈਕਸ਼ਨ

ਨੰ. 1812 /ਕਾਲਜਾਂ/ਸ-2

ਮਿਤੀ 30/6/25

ਪੰਜਾਬੀ ਯੂਨੀਵਰਸਿਟੀ ਨਾਲ ਸਬੰਧਤ ਸਮੂਹ,
ਐਜੂਕੇਸ਼ਨ ਕਾਲਜਾਂ ਦੇ ਚੇਅਰਮੈਨ ਸਾਹਿਬਾਨ ਨੂੰ

ਵਿਸ਼ਾ: ਸੈਸ਼ਨ 2025-26 ਦੌਰਾਨ ਬੀ.ਐਡ (2 ਸਾਲਾ) ਕੋਰਸ ਭਾਗ ਪਹਿਲਾਂ ਦੇ ਦਾਖਲਿਆਂ ਲਈ ਮੈਨਡੇਟਰੀ ਪ੍ਰੋਫਾਰਮਾ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਡੀਨ, ਕਾਲਜ ਵਿਕਾਸ ਕੌਂਸਲ ਵੱਲੋਂ ਹੋਏ ਆਦੇਸ਼ਾ ਅਨੁਸਾਰ ਸ਼ੈਸਨ 2025-26 ਦੌਰਾਨ ਬੀ.ਐਡ (02 ਸਾਲਾ) ਕੋਰਸ ਭਾਗ ਪਹਿਲਾਂ ਵਿੱਚ ਦਾਖਲਿਆ ਲਈ ਪੰਜਾਬ ਸਰਕਾਰ ਦੁਆਰਾ ਨੋਟੀਫਿਕੇਸ਼ਨ ਨੰ. **HED-EDU10M.L/19/2022-3Edu/E-316266/1/1105687/2025 Dated 21.05.2025** ਦੀ ਲੋਅ ਵਿੱਚ ਮੈਨਡੇਟਰੀ ਪ੍ਰੋਫਾਰਮਾ ਦੇ ਦੋ-ਦੋ ਸੈੱਟ ਲੋੜੀਂਦੇ ਤਸਦੀਕਸੁਦਾ ਦਸਤਾਵੇਜ ਜਿਵੇਂ ਟੀਚਿੰਗ ਸਟਾਫ ਦੀ ਲਿਸਟ (ਸਮੇਤ ਅਪਰੂਵਲ ਪੱਤਰ), ਸੀਟ ਮੈਟਰਿਕਸ ਅਤੇ ਸਬਜੈਕਟ ਕੰਬੀਨੇਸ਼ਨ, ਕਾਲਜ ਦਾ ਸਬੰਧਤਾ ਪੱਤਰ, ਐਨ.ਸੀ.ਟੀ.ਈ. ਦੀ ਪਹਿਲੀ ਪ੍ਰਵਾਨਗੀ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਐਨ.ਓ.ਸੀ. ਦੀ ਕਾਪੀ ਆਦਿ ਮਿਤੀ 04.07.2025 ਤੱਕ ਹਰ ਹਾਲਤ ਵਿੱਚ ਦਫਤਰ ਵਿਖੇ ਜਮ੍ਹਾਂ ਕਰਵਾਇਆ ਜਾਣਾ ਯਕੀਨੀ ਬਣਾਇਆ ਜਾਵੇ ।

ਜਿੰਨ੍ਹਾ ਐਜੂਕੇਸ਼ਨ ਕਾਲਜਾਂ ਵਿੱਚ ਰੈਗੂਲਰ ਪ੍ਰਿੰਸੀਪਲ ਅਤੇ ਲੋੜੀਂਦੇ ਟੀਚਿੰਗ ਸਟਾਫ ਦੀ ਨਿਯੁਕਤੀ ਦਾ 2/3 ਹਿੱਸਾ ਯੂਨੀਵਰਸਿਟੀ ਨਿਯਮਾਂ ਅਨੁਸਾਰ (ਯੂਨੀਵਰਸਿਟੀ ਚੋਣ ਕਮੇਟੀ ਰਾਹੀਂ) ਨਹੀਂ ਹੈ, ਉਹ ਕਾਲਜ ਲੋੜੀਂਦੇ ਪ੍ਰਿੰਸੀਪਲ ਅਤੇ ਅਧਿਆਪਕਾਂ ਦੀ ਭਰਤੀ ਸਬੰਧੀ ਤੁਰੰਤ ਕਾਰਵਾਈ ਕਰਨ। ਇਸ ਤੋਂ ਇਲਾਵਾ ਸਮੂਹ ਕਾਲਜ ਇਸ ਪੱਤਰ ਨਾਲ ਨੱਥੀ ਸਬਦਾਵਲੀ ਅਨੁਸਾਰ ਅਸਲ ਹਲਫੀਆ ਬਿਆਨ 100 ਰੁਪੇ ਦੇ ਸਟੈਂਪ ਪੇਪਰ ਤੇ First Class Magistrate ਤੋਂ ਤਸਦੀਕ ਕਰਵਾ ਕੇ ਮੈਨਡੇਟਰੀ ਪ੍ਰੋਫਾਰਮੇ ਦੇ ਨਾਲ ਨੱਥੀ ਕਰਨ।

ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਸਬੰਧਤ ਕਾਲਜ ਵੱਲ ਕਿਸੇ ਵੀ ਕਿਸਮ ਦਾ ਕੋਈ ਬਕਾਇਆ/ਜੁਰਮਾਨਾ (ਸਮੇਤ 2017-20 ਦਾ ਜੀ.ਐਸ.ਟੀ.) ਹੈ ਤਾਂ ਪਹਿਲਾਂ ਇਸ ਨੂੰ ਕਲੀਅਰ ਕੀਤਾ ਜਾਵੇ। ਇਸ ਉਪਰੰਤ ਹੀ ਮੈਨਡੇਟਰੀ ਪ੍ਰੋਫਾਰਮਾ ਜਾਰੀ ਕਰਨ ਸਬੰਧੀ ਕਾਰਵਾਈ ਕੀਤੀ ਜਾਵੇਗੀ।

ਜੇਕਰ ਸਬੰਧਤ ਦਸਤਾਵੇਜ ਕਾਲਜ ਵੱਲੋਂ ਦਫਤਰ ਵਿਖੇ ਸਮੇਂ ਸਿਰ ਜਮ੍ਹਾਂ ਨਹੀਂ ਕਰਵਾਏ ਜਾਂਦੇ ਅਤੇ ਦਾਖਲਿਆ ਵਿੱਚ ਕੋਈ ਦੇਰੀ ਹੁੰਦੀ ਹੈ ਤਾਂ ਇਸ ਦੀ ਸਾਰੀ ਜਿੰਮੇਵਾਰੀ ਕਾਲਜ ਮੈਨੇਜਮੈਂਟ ਦੀ ਹੋਵੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

30/06/2025

ਡੀਨ, ਕਾਲਜ ਵਿਕਾਸ ਕੌਂਸਲ

71/C

# ਹਲਫੀਆ ਬਿਆਨ

ਮੈਂ ............................................ ਚੇਅਰਮੈਨ/ਸਕੱਤਰ (ਕਾਲਜ ਦਾ ਨਾਮ) ........................................................................................................ ਹਲਫ ਨਾਲ ਬਿਆਨ ਕਰਦਾ/ਕਰਦੀ ਹਾਂ ਕਿ ਸੈਸ਼ਨ 2025-26 ਦੌਰਾਨ ਬੀ.ਐਡ. ਕੋਰਸ ਦੇ ਦਾਖਲਿਆਂ ਸਬੰਧੀ ਉਚੇਰੀ ਸਿੱਖਿਆ ਵਿਭਾਗ (ਐਜੂਕੇਸ਼ਨ-1 ਬ੍ਰਾਂਚ), ਪੰਜਾਬ ਸਰਕਾਰ ਵਲੋਂ ਜਾਰੀ ਨੋਟੀਫਿਕੇਸ਼ਨ ਨੰ: **HED-EDU10M.L/19/2022-3edu/E-316266/1/1105687/2025 Dated 21.05.2025** ਦੇ ਸਬੰਧ ਵਿਚ ਡੀਨ, ਕਾਲਜ ਵਿਕਾਸ ਕੌਂਸਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਦਫਤਰ ਵਿਖੇ ਬੀ.ਐਡ. ਕੋਰਸ ਵਿਚ ਸੈਸ਼ਨ 2025-26 ਲਈ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਮੈਨਡੇਟਰੀ ਪ੍ਰੋਫਾਰਮਾ ਦੇ ਨਾਲ ਦਿੱਤੀ ਗਈ ਜਾਣਕਾਰੀ ਅਤੇ ਕਾਲਜ ਦੇ ਪ੍ਰਿੰਸੀਪਲ ਤੋ ਇਲਾਵਾ ਟੀਚਿੰਗ ਸਟਾਫ ਸਬੰਧੀ ਦਸਤਾਵੇਜ ਸਹੀ ਵਾ ਦਰੁਸਤ ਹਨ।

ਇਹ ਵੀ ਬਿਆਨ ਕਰਦਾ/ਕਰਦੀ ਹਾਂ ਕਿ ਸੈਸ਼ਨ 2025-26 ਦੋਰਾਨ ਬੀ.ਐਡ ਕੋਰਸ ਦੇ ਦਾਖਲਿਆ ਸਬੰਧੀ ਉਚੇਰੀ ਸਿੱਖਿਆ ਵਿਭਾਗ(ਐਜੂਕੇਸ਼ਨ 1 ਬ੍ਰਾਂਚ), ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫੀਕੇਸ਼ਨ ਨੰ: **HED-EDU10M.L/19/2022-3edu/E-316266/1/1105687/2025 Dated 21.05.2025** ਦੀ ਲੋਅ ਵਿੱਚ Common Entrance test (CET) and Centralized Counseling ਲਈ ਨਾਮਜਦ ਕੋਆਡੀਨੇਟਰ ਬੀ.ਐਡ ਦਾਖਲਾ ਸੱਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆ ਨਿਰਧਾਰਿਤ ਹਦਾਇਤਾਂ/ਸ਼ਡਿਊਲ ਅਨੁਸਾਰ ਹੀ ਦਾਖਲੇ ਕੀਤੇ ਜਾਣਗੇ ਅਤੇ ਉਹਨਾ ਵੱਲੋਂ ਨਿਰਧਾਰਿਤ ਨਿਯਮਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵਾਂਗਾ/ਹੋਵਾਂਗੀ ।ਇਸ ਤੋ ਇਲਾਵਾ ਜੇਕਰ ਕਾਲਜ ਵਿਖੇ ਬੀ.ਐਡ ਕੋਰਸ ਵਿੱਚ ਸੀਟਾ ਖਾਲੀ ਰਹਿ ਜਾਦੀਆਂ ਹਨ ਤਾਂ ਉਹਨਾ ਦੇ ਦਾਖਲੇ ਮੈ ਆਪਣੇ/ਕਾਲਜ ਮੈਂਨੇਜਮੈਂਟ ਪੱਧਰ ਤੇ ਨਹੀਂ ਕਰਾਂਗਾ। ਖਾਲੀ ਸੀਟਾਂ ਦੇ ਦਾਖਲੇ ਵੀ ਬੀ.ਐਡ. ਕੋਆਡੀਨੇਟਰ ਦੀਆਂ ਹਦਾਇਤਾ/ਸ਼ਡਿਊਲ ਅਨੁਸਾਰ ਹੀ ਕਰਨ ਦਾ ਪਾਬੰਦ ਹੋਵਾਂਗਾ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਬੀ.ਐਡ ਕੋਆਡੀਨੇਟਰ/ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮੇਰੇ ਕਾਲਜ ਵਿਰੁੱਧ ਕੋਈ ਅਨੁਸਾਸ਼ਨਿਕ/ਪ੍ਰਸ਼ਾਸਨਿਕ ਕਾਰਵਾਈ ਕੀਤੀ ਜਾਦੀ ਹੈ ਤਾਂ ਮੰਨਣ ਦਾ ਪਾਬੰਦ ਹੋਵਾਂਗਾ।

ਇਹ ਵੀ ਬਿਆਨ ਕਰਦਾ/ਕਰਦੀ ਹਾਂ ਕਿ ਸੈਸ਼ਨ 2025-26 ਦੋਰਾਨ ਬੀ.ਐਡ ਕੋਰਸ ਦੀ ਪੜਾਈ ਸੁਰੂ ਹੋਣ ਤੋ ਪਹਿਲਾ ਪਹਿਲਾ ਪ੍ਰਿੰਸੀਪਲ/ਟੀਚਿੰਗ ਸਟਾਫ ਦੀ ਨਿਯੁਕਤੀ NCTE/ਯੂਨੀਵਰਸਿਟੀ ਨਿਯਮਾ ਅਨੁਸਾਰ ਰੈਗੂਲਰ ਅਧਾਰ ਤੇ ਕਰਨ ਦਾ ਪਾਬੰਦ ਹੋਵਾਗਾਂ। ਇਹ ਵੀ ਬਿਆਨ ਕਰਦਾ/ਕਰਦੀ ਹਾਂ ਕਿ ਵਿਦਿਆਰਥੀਆਂ ਦੇ ਡੰਮੀ ਦਾਖਲੇ ਨਹੀ ਕਰਾਂਗਾ।ਵਿਦਿਆਰਥੀਆਂ ਦੀ ਪੜਾਈ ਰੈਗੂਲਰ ਕਲਾਸਾਂ ਰਾਹੀ ਪੜਾਈ ਕਰਵਾਉਣ ਦਾ ਪਾਬੰਦ ਹੋਵਾਂਗਾ।ਯੂਨੀਵਰਸਿਟੀ ਆਪਣੇ ਪੱਧਰ ਤੇ ਜਦੋ ਮਰਜੀ ਆਪਣੇ ਨੁਮਾਇੰਦੇ ਭੇਜ ਕੇ ਕਾਲਜ ਵਿਖੇ ਇਨ੍ਹਾਂ ਤੱਥਾ ਦੀ ਪੜਤਾਲ ਕਰਵਾ ਸਕਦੀ ਹੈ ਅਤੇ ਸਰਤਾਂ ਦੀ ਪੂਰਤੀ ਨਾ ਕਰਨ ਦੀ ਸੂਰਤ ਵਿੱਚ ਜੇਕਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮੇਰੇ ਕਾਲਜ ਵਿਰੁੱਧ ਕੋਈ ਅਨੁਸਾਸ਼ਨਿਕ/ਪ੍ਰਸ਼ਾਸਨਿਕ ਕਾਰਵਾਈ ਕੀਤੀ ਜਾਦੀ ਹੈ ਤਾਂ ਮੰਨਣ ਦਾ ਪਾਬੰਦ ਹੋਵਾਂਗਾ ਅਤੇ ਇਸ ਸਬੰਧੀ ਮੈਨੂੰ ਕੋਈ ਇਤਰਾਜ ਨਹੀ ਹੋਵੇਗਾ।

ਬਿਆਨਕਾਰ